4Page10final.qxd 7/3/2024 11:02 PM Page 1

ਸੰਵਿਧਾਨ ਦੀ ਰਾਖੀ ਲਈ ਸੱਭ ਤੋਂ ਵੱਡੀ ਚੋਣ 1977 'ਚ ਹੋਈ ਸੀ, ਲੋਕਾਂ ਨੇ ਇੰਦਰਾ ਗਾਂਧੀ ਸਰਕਾਰ ਨੂੰ ਉਖਾੜ ਸੁਟਿਆ ਸੀ : ਮੋਦੀ

ਨਵੀਂ ਦਿੱਲੀ, 3 ਜੁਲਾਈ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2024 ਦੀਆਂ ਆਮ ਚੋਣਾਂ 'ਚ ਸੰਵਿਧਾਨ ਦੀ ਰਾਖੀ ਨੂੰ ਮੁੱਦਾ ਬਣਾਉਣ ਲਈ ਬੁਧਵਾਰ ਨੂੰ ਕਾਂਗਰਸ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਭਾਰਤੀਆਂ ਨੇ ਸਿਰਫ਼ ਇਕ ਵਾਰੀ ਹੀ ਇਸ ਮੁੱਦੇ 'ਤੇ ਵੋਟਾਂ ਪਾਈਆਂ ਸਨ ਜਦੋਂ ਉਨ੍ਹਾਂ ਨੇ ਐਮਰਜੈਂਸੀ ਤੋਂ ਬਾਅਦ 1977 'ਚ ਇੰਦਰਾ ਗਾਂਧੀ ਦੀ ਸਰਕਾਰ ਨੂੰ ਉਖਾੜ ਸੁੱਟਿਆ ਸੀ। ਉਨ੍ਹਾਂ ਕਿਹਾ ਕਿ ਜੇਕਰ ਹਾਲ ਹੀ ਦੀਆਂ ਲੋਕ ਸਭਾ ਚੋਣਾਂ ਵੀ ਸੰਵਿਧਾਨ ਦੀ ਰਾਖੀ ਲਈ ਹੋਈਆਂ ਚੋਣਾਂ ਸਨ ਤਾਂ ਦੇਸ਼ ਵਾਸੀਆਂ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਇਸ ਦੇ ਯੋਗ ਸਮਝਿਆ।

● ਵਿਰੋਧੀ ਧਿਰ ਦੇ ਮੈਂਬਰਾਂ ਨੇ ਮੋਦੀ ਦੇ ਭਾਸ਼ਣ ਦੌਰਾਨ ਜ਼ੋਰ-ਜ਼ੋਰ ਨਾਲ ਨਾਹਰੇਬਾਜ਼ੀ ਕੀਤੀ

ਰਾਜ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਬਹਿਸ ਦਾ ਜਵਾਬ ਦਿੰਦੇ ਹੋਏ ਮੋਦੀ ਨੇ ਵਿਰੋਧੀ ਗਠਜੋੜ ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ (ਇੰਡੀਆ) 'ਤੇ ਲੋਕ ਸਭਾ ਚੋਣਾਂ 'ਚ ਸੰਵਿਧਾਨ ਦੀ ਰੱਖਿਆ ਲਈ 'ਫਰਜ਼ੀ ਕਹਾਣੀ' ਘੜਨ ਦਾ ਦੋਸ਼ ਲਾਇਆ। ਐਮਰਜੈਂਸੀ ਦੀ ਯਾਦ ਦਿਵਾਉਂਦਿਆਂ ਉਨ੍ਹਾਂ ਕਿਹਾ ਕਿ ਉਸ ਸਮੇਂ ਦੌਰਾਨ ਸੰਵਿਧਾਨ 'ਤੇ ਜ਼ੁਲਮ ਕੀਤਾ ਗਿਆ ਸੀ, ਬੁਲਡੋਜ਼ਰ ਚਲਾਏ ਗਏ ਸਨ ਅਤੇ ਲੋਕਤੰਤਰ ਦੀ ਉਲੰਘਣਾ ਕੀਤੀ ਗਈ ਸੀ। ਉਨ੍ਹਾਂ ਕਿਹਾ, "ਅਖ਼ਬਾਰ ਬੰਦ ਸਨ, ਰੇਡੀਓ ਬੰਦ ਸਨ, ਭਾਸ਼ਣ ਬੰਦ ਸਨ। ਅਤੇ ਦੇਸ਼ ਵਾਸੀਆਂ ਨੇ ਉਸੇ ਮੁੱਦੇ 'ਤੇ ਵੋਟ ਪਾਈ। ਉਨ੍ਹਾਂ ਨੇ ਲੋਕਤੰਤਰ ਦੀ ਬਹਾਲੀ ਲਈ ਵੋਟ ਪਾਈ। ਸੰਵਿਧਾਨ ਦੀ ਰਾਖੀ ਲਈ ਪੂਰੀ ਦੁਨੀਆਂ 'ਚ ਇਸ ਤੋਂ ਵੱਡੀ ਕੋਈ ਚੋਣ ਨਹੀਂ ਹੋਈ।" ਪ੍ਰਧਾਨ ਮੰਤਰੀ ਨੇ ਕਿਹਾ ਕਿ 1977 ਦੀਆਂ ਚੋਣਾਂ ਨੇ ਵਿਖਾਇਆ ਹੈ ਕਿ ਕਿਵੇਂ ਲੋਕਤੰਤਰ ਭਾਰਤ ਦੇ ਲੋਕਾਂ ਦੀਆਂ ਰਗਾਂ 'ਚ ਜਿਉਂਦਾ ਹੈ।

ਪ੍ਰਧਾਨ ਮੰਤਰੀ ਨੇ ਕਾਂਗਰਸ ਨੂੰ ਸੰਵਿਧਾਨ ਦਾ ਸੱਭ ਤੋਂ ਵੱਡਾ ਵਿਰੋਧੀ ਦਸਿਆ ਅਤੇ ਕਿਹਾ ਕਿ ਇਸ ਦਾ ਵਿਰੋਧ ਉਸ ਦੇ ਦਿਮਾਗ 'ਚ ਹੈ।

ਅਪਣੇ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ਹਿੰਸਾ ਪ੍ਰਭਾਵਤ ਮਨੀਪੁਰ ਦੀ ਸਥਿਤੀ ਤੋਂ ਜਾਣੂ ਕਰਵਾਇਆ, ਨੀਟ ਪੇਪਰ ਲੀਕ ਦੇ ਮੁੱਦੇ 'ਤੇ ਕਾਰਵਾਈ ਦਾ ਵਾਅਦਾ ਕੀਤਾ, ਅਪਣੇ ਪਿਛਲੇ ਦੋ ਕਾਰਜਕਾਲਾਂ ਦੀਆਂ ਪ੍ਰਾਪਤੀਆਂ ਗਿਣਾਈਆਂ ਅਤੇ ਤੀਜੇ ਕਾਰਜਕਾਲ ਲਈ ਅਪਣੀਆਂ ਤਰਜੀਹਾਂ ਦਾ ਜ਼ਿਕਰ ਕੀਤਾ। ਸੰਸਦ ਦੇ ਸੰਯੁਕਤ ਸੈਸ਼ਨ ਨੂੰ ਸੰਬੋਧਨ ਕਰਨ ਲਈ ਲੋਕ ਸਭਾ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ ਧੰਨਵਾਦ ਕਰਨ ਤੋਂ ਇਕ ਦਿਨ ਬਾਅਦ ਮੋਦੀ ਨੇ ਰਾਜ ਸਭਾ 'ਚ ਕਾਂਗਰਸ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਚੋਣਾਂ ਦੌਰਾਨ ਸੰਵਿਧਾਨ ਦੀ ਰਾਖੀ ਦਾ ਵਿਖਾਵਾ ਕਰਨ ਵਾਲੀ ਪਾਰਟੀ ਨੇ ਸੰਵਿਧਾਨ ਦਿਵਸ ਮਨਾਉਣ ਦਾ ਵਿਰੋਧ ਕੀਤਾ ਸੀ।

ਪ੍ਰਧਾਨ ਮੰਤਰੀ ਦੀ ਟਿਪਣੀ 'ਤੇ ਇਤਰਾਜ਼ ਜਤਾਉਂਦੇ ਹੋਏ ਵਿਰੋਧੀ ਧਿਰ ਦੇ ਮੈਂਬਰਾਂ ਨੇ ਹੰਗਾਮਾ ਕੀਤਾ ਅਤੇ ਮੋਦੀ ਨੂੰ ਝੂਠਾ ਦਸਦਿਆਂ ਸਦਨ 'ਚ ਨਾਅਰੇਬਾਜ਼ੀ ਸ਼ੁਰੂ ਕਰ ਦਿਤੀ। ਬਾਅਦ 'ਚ ਉਹ ਸਦਨ ਤੋਂ ਬਾਹਰ ਚਲੇ ਗਏ। ਨਾਅਰੇਬਾਜ਼ੀ ਦੇ ਬਾਵਜੂਦ ਮੋਦੀ ਬੋਲਦੇ ਰਹੇ ਅਤੇ ਕਿਹਾ ਕਿ ਇਹ ਲੋਕ ਲੋਕਾਂ ਦੇ ਫਤਵੇ ਨੂੰ ਹਜ਼ਮ ਨਹੀਂ ਕਰ ਪਾ ਰਹੇ ਹਨ ਅਤੇ ਜਦੋਂ ਉਨ੍ਹਾਂ ਦੀਆਂ ਸਾਰੀਆਂ ਕਾਰਵਾਈਆਂ ਅਸਫਲ ਰਹੀਆਂ ਤਾਂ ਉਹ ਅੱਜ ਮੈਦਾਨ ਛੱਡ ਕੇ ਚਲੇ ਗਏ। ਚੇਅਰਮੈਨ ਜਗਦੀਪ ਧਨਖੜ ਨੇ ਵੀ ਇਸ ਦੀ ਨਿੰਦਾ ਕੀਤੀ ਅਤੇ ਇਸ ਨੂੰ ਸੰਵਿਧਾਨ ਦਾ ਅਪਮਾਨ ਦਸਿਆ। (ਪੀਟੀਆਈ)

'ਅਸੀਂ ਘੱਟੋ-ਘੱਟ ਸਮਰਥਨ ਮੁੱਲ ਰਾਹੀਂ ਕਿਸਾਨਾਂ ਨੂੰ ਲਾਭ ਪਹੁੰਚਾਇਆ'

ਮੋਦੀ ਨੇ ਕਿਹਾ ਪਿਛਲੇ ਦਸ ਸਾਲਾਂ 'ਚ ਸਾਡੀ ਖੇਤੀ ਹਰ ਪੱਖੋਂ ਮੁਨਾਫ਼ੇ ਵਾਲੀ ਰਹੀ ਹੈ, ਇਸ ਲਈ ਅਸੀਂ ਕਈ ਯੋਜਨਾਵਾਂ ਰਾਹੀਂ ਇਸ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ ਹੈ। ਉਨ੍ਹਾਂ ਕਿਹਾ, "ਕਿਸਾਨਾਂ ਨੂੰ ਨਵੇਂ ਬੀਜ ਮਿਲਣੇ ਚਾਹੀਦੇ ਹਨ, ਖਾਦਾਂ ਦੇ ਭਾਅ ਵਾਜਬ ਹੋਣੇ ਚਾਹੀਦੇ ਹਨ, ਪਹਿਲਾਂ ਦੀਆਂ ਸਾਰੀਆਂ ਮੁਸ਼ਕਲਾਂ ਨੂੰ ਦੂਰ ਕਰ ਕੇ ਕਿਸਾਨਾਂ ਨੂੰ ਫ਼ਸਲੀ ਬੀਮੇ ਦਾ ਲਾਭ ਦਿਤਾ ਜਾਵੇ। ਅਸੀਂ ਘੱਟੋ-ਘੱਟ ਸਮਰਥਨ ਮੁੱਲ ਰਾਹੀਂ ਕਿਸਾਨਾਂ ਨੂੰ ਲਾਭ ਪਹੁੰਚਾਇਆ ਹੈ। ਬੀਜ ਤੋਂ ਲੈ ਕੇ ਮੰਡੀ ਤਕ, ਅਸੀਂ ਕਿਸਾਨਾਂ ਲਈ ਹਰ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਹੈ। ਪਹਿਲਾਂ ਸਾਡੇ ਦੇਸ਼ 'ਚ ਛੋਟੇ ਕਿਸਾਨਾਂ ਲਈ ਕਿਸਾਨ ਕ੍ਰੈਡਿਟ ਕਾਰਡ ਲੈਣਾ ਲਗਭਗ ਅਸੰਭਵ ਸੀ। ਇਨ੍ਹਾਂ ਦੀ ਗਿਣਤੀ ਸੱਭ ਤੋਂ ਵੱਧ ਹੈ।" ਸਾਡੀਆਂ ਨੀਤੀਆਂ ਦੇ ਕਾਰਨ, ਅਸੀਂ ਕਿਸਾਨ ਕ੍ਰੈਡਿਟ ਕਾਰਡ ਦੇ ਵਿਸਤਾਰ ਕਾਰਨ ਖੇਤੀ ਨੂੰ ਇਕ ਵਿਆਪਕ ਰੂਪ 'ਚ ਵੇਖਿਆ ਹੈ। ਕਿਸਾਨ ਕ੍ਰੈਡਿਟ ਕਾਰਡ ਦਾ ਲਾਭ ਮਛੇਰਿਆਂ ਨੂੰ ਵੀ ਮੁਹੱਈਆ ਕਰਵਾਇਆ ਗਿਆ ਹੈ। ਇਸ ਕਾਰਨ ਖੇਤੀ ਦੇ ਕੰਮ ਨੂੰ ਮਜ਼ਬੂਤੀ ਮਿਲੀ ਹੈ। ਕਾਂਗਰਸ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਕਿਸਾਨਾਂ ਦੀ ਕਰਜ਼ਾ ਮੁਆਫੀ ਦੇ ਢੋਲ ਵਜਾਏ ਗਏ। ਕਿਸਾਨਾਂ ਨੂੰ ਗੁਮਰਾਹ ਕਰਨ ਦੀ ਹਰ ਕੋਸ਼ਿਸ਼ ਕੀਤੀ ਗਈ। (ਏਜੰਸੀ)

ਚੰਪਾਈ ਸੋਰੇਨ ਨੇ ਝਾਰਖੰਡ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਦਿਤਾ ਅਸਤੀਫ਼ਾ

ਰਾਂਚੀ, 3 ਜੁਲਾਈ : ਝਾਰਖੰਡ ਦੇ ਮੁੱਖ ਮੰਤਰੀ ਚੰਪਾਈ ਸੋਰੇਨ ਨੇ ਬੁਧਵਾਰ ਨੂੰ ਅਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿਤਾ। ਇਸ ਤੋਂ ਬਾਅਦ ਜੇ.ਐਮ.ਐਮ. ਆਗੂ ਹੇਮੰਤ ਸੋਰੇਨ ਨੇ ਰਾਜਪਾਲ ਸੀ.ਪੀ. ਰਾਧਾਕ੍ਰਿਸ਼ਨਨ ਨਾਲ ਮੁਲਾਕਾਤ ਕੀਤੀ ਅਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਇਸ ਤੋਂ ਪਹਿਲਾਂ ਸੱਤਾਧਾਰੀ ਗਠਜੋੜ ਦੇ ਨੇਤਾਵਾਂ ਅਤੇ ਵਿਧਾਇਕਾਂ ਨੇ ਚੰਪਾਈ ਸੋਰੇਨ ਦੀ ਰਿਹਾਇਸ਼ 'ਤੇ ਹੋਈ ਬੈਠਕ 'ਚ ਸਰਬਸੰਮਤੀ ਨਾਲ ਹੇਮੰਤ ਸੋਰੇਨ ਨੂੰ ਝਾਰਖੰਡ ਮੁਕਤੀ ਮੋਰਚਾ (ਜੇ.ਐਮ.ਐਮ.) ਵਿਧਾਇਕ ਦਲ ਦਾ ਨੇਤਾ ਚੁਣਿਆ। ਚੰਪਾਈ ਸੋਰੇਨ ਨੇ ਰਾਜ ਭਵਨ ਤੋਂ ਬਾਹਰ ਆਉਣ ਤੋਂ ਬਾਅਦ ਕਿਹਾ, "ਮੈਂ ਜੇ.ਐਮ.ਐਮ. ਦੀ ਅਗਵਾਈ ਵਾਲੇ ਗਠਜੋੜ ਦੇ ਫੈਸਲੇ ਅਨੁਸਾਰ ਅਸਤੀਫਾ ਦਿਤਾ ਹੈ। ਸਾਡਾ ਗਠਜੋੜ ਮਜ਼ਬੂਤ ਹੈ।" ਉਨ੍ਹਾਂ ਕਿਹਾ, "ਹਰ ਕੋਈ ਜਾਣਦਾ ਹੈ ਕਿ ਹੇਮੰਤ ਸੋਰੇਨ ਜੀ ਨਾਲ ਕੀ ਹੋਇਆ। ਗਠਜੋੜ ਦੇ ਭਾਈਵਾਲਾਂ ਨੇ ਮੈਨੂੰ ਜ਼ਿੰਮੇਵਾਰੀ ਦਿਤੀ ਸੀ। ਹੁਣ ਗਠਜੋੜ ਨੇ ਹੇਮੰਤ ਸੋਰੇਨ ਜੀ ਦੇ ਹੱਕ 'ਚ ਫੈਸਲਾ ਕੀਤਾ ਹੈ।" ਹੇਮੰਤ ਸੋਰੇਨ ਨੂੰ ਕਥਿਤ ਜ਼ਮੀਨ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ (ਕਾਲੇ ਧਨ ਨੂੰ ਚਿੱਟਾ ਕਰਨ) ਦੇ ਮਾਮਲੇ 'ਚ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਕਰੀਬ 5 ਮਹੀਨੇ ਬਾਅਦ 28 ਜੂਨ ਨੂੰ ਜੇਲ੍ਹ ਤੋਂ ਰਿਹਾਅ ਕਰ ਦਿਤਾ ਗਿਆ ਸੀ। (ਏਜੰਸੀ)

ਭਾਰਤ 'ਤੇ ਕਰਜ਼ੇ ਦਾ ਬੋਝ ਬਹੁਤ ਜ਼ਿਆਦਾ ਹੈ, ਪਰ ਇਸ ਸਮੇਂ ਸਥਿਰਤਾ ਦੀ ਕੋਈ ਸਮੱਸਿਆ ਨਹੀਂ : ਪੂਨਮ ਗੁਪਤਾ

● ਕਿਹਾ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਰਗੇ ਕੁੱਝ ਸੂਬਿਆਂ 'ਚ ਕਰਜ਼ਾ-ਜੀ.ਡੀ.ਪੀ. ਅਨੁਪਾਤ ਵਧ ਕੇ 50 ਫ਼ੀ ਸਦੀ ਹੋ ਸਕਦੈ

ਨਵੀਂ ਦਿੱਲੀ, 3 ਜੁਲਾਈ: ਐਨ.ਸੀ.ਏ.ਈ.ਆਰ. ਦੀ ਡਾਇਰੈਕਟਰ ਜਨਰਲ ਪੂਨਮ ਗੁਪਤਾ ਨੇ ਕਿਹਾ ਹੈ ਕਿ ਭਾਰਤ ਦਾ ਜਨਤਕ ਕਰਜ਼ਾ ਜੀ.ਡੀ.ਪੀ. ਦਾ ਲਗਭਗ 82 ਫ਼ੀ ਸਦੀ ਹੈ ਪਰ ਉਚ ਵਿਕਾਸ ਅਤੇ ਭਾਰਤੀ ਮੁਦਰਾ 'ਚ ਉੱਚ ਕਰਜ਼ੇ ਕਾਰਨ ਦੇਸ਼ ਨੂੰ ਕਰਜ਼ੇ 'ਚ ਸਥਿਰਤਾ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਐਨ.ਸੀ.ਏ.ਈ.ਆਰ. ਵਲੋਂ ਕਰਵਾਏ ਇਕ ਪ੍ਰੋਗਰਾਮ ਵਿਚ ਗੁਪਤਾ ਨੇ ਕਿਹਾ ਕਿ ਭਾਰਤ ਦਾ ਉੱਚ ਕਰਜ਼ਾ ਪੱਧਰ ਇਸ ਸਮੇਂ ਕਾਇਮ ਹੈ ਕਿਉਂਕਿ ਅਸਲ ਜਾਂ ਨਾਮਾਤਰ ਜੀ.ਡੀ.ਪੀ. ਉੱਚੀ ਹੈ ਅਤੇ ਜ਼ਿਆਦਾਤਰ ਕਰਜ਼ਾ ਰੁਪਏ ਵਿਚ ਹੈ। ਗੁਪਤਾ ਨੇ ਕਿਹਾ ਕਿ ਕੁਲ ਕਰਜ਼ੇ ਦਾ ਇਕ ਤਿਹਾਈ ਹਿੱਸਾ ਸੂਬਿਆਂ ਕੋਲ ਹੈ। 'ਆਮ ਹਾਲਾਤ' 'ਚ, ਉਨ੍ਹਾਂ ਦੇ ਕਰਜ਼ੇ ਦਾ ਪੱਧਰ ਅਗਲੇ ਪੰਜ ਸਾਲਾਂ 'ਚ ਹੋਰ ਵਧੇਗਾ। ਉਨ੍ਹਾਂ ਕਿਹਾ, "ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਰਗੇ ਕੁੱਝ ਸੂਬਿਆਂ 'ਚ ਕਰਜ਼ਾ-ਜੀ.ਡੀ.ਪੀ. ਅਨੁਪਾਤ ਵਧ ਕੇ 50 ਫ਼ੀ ਸਦੀ ਹੋ ਸਕਦਾ ਹੈ।"

ਗੁਪਤਾ ਨੇ ਕਿਹਾ ਕਿ ਸੱਭ ਤੋਂ ਵੱਧ ਕਰਜ਼ਦਾਰ ਸੂਬਿਆਂ ਸਮੇਤ ਹੋਰ ਸੂਬਿਆਂ ਨੂੰ ਵੀ ਸਥਿਰਤਾ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਕਿਉਂਕਿ ਉਨ੍ਹਾਂ ਕੋਲ ਕੇਂਦਰ ਦੀ ਅੰਦਰੂਨੀ ਗਰੰਟੀ ਹੈ ਅਤੇ ਰਾਜ ਵਿਦੇਸ਼ੀ ਮੁਦਰਾ ਜਾਂ ਫ਼ਲੋਟਿੰਗ ਰੇਟ ਕਰਜ਼ੇ ਨਹੀਂ ਰੱਖ ਸਕਦੇ। 'ਸੂਬਿਆਂ ਦੀਆਂ ਵਿੱਤੀ ਚੁਨੌਤੀਆਂ' ਵਿਸ਼ੇ 'ਤੇ ਚਰਚਾ 'ਚ ਹਿੱਸਾ ਲੈਂਦੇ ਹੋਏ ਤਕਸ਼ੀਲਾ ਸੰਸਥਾਨ ਦੇ ਕਾਰਪੋਰੇਟਰ ਐਮ. ਗੋਵਿੰਦਾ ਰਾਉ ਨੇ ਵੀ ਸੂਬਿਆਂ ਦੇ ਵਧਦੇ ਕਰਜ਼ੇ ਦਾ ਇਕ ਕਾਰਨ 'ਚੋਣ ਲਾਭ ਲਈ ਸਬਸਿਡੀ ਵਧਾਉਣ' ਦਾ ਹਵਾਲਾ ਦਿਤਾ। ਵਿੱਤੀ ਸਾਲ 2022-23 ਤਕ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਬਿਹਾਰ ਚੋਟੀ ਦੇ ਤਿੰਨ ਸੱਭ ਤੋਂ ਵੱਧ ਕਰਜ਼ਦਾਰ ਰਾਜ ਸਨ, ਜਦਕਿ ਸੱਭ ਤੋਂ ਘੱਟ ਕਰਜ਼ਾ ਓਡੀਸ਼ਾ, ਮਹਾਰਾਸ਼ਟਰ ਅਤੇ ਗੁਜਰਾਤ ਸੂਬਿਆਂ 'ਤੇ ਸੀ। (ਪੀਟੀਆਈ)

ਇਸ ਵਾਰ ਬਰਤਾਨੀਆ ਦੀਆਂ ਆਮ ਚੋਣਾਂ 'ਚ ਭਾਰਤੀ ਮੂਲ ਦੇ ਉਮੀਦਵਾਰਾਂ ਦੇ ਵੱਡੀ ਗਿਣਤੀ 'ਚ ਜਿੱਤਣ ਦੀ ਉਮੀਦ



ਡਾ.ਸਤਬੀਰ ਕੌਰ ਗਿੱਲ | ਸੰਦੇਸ਼ ਗੁਲਹਾਨੇ | ਕ੍ਰਿਸਟੀਨਾ ਸੰਧੂ

ਲੰਡਨ, 3 ਜੁਲਾਈ: ਬਰਤਾਨੀਆਂ 'ਚ ਅੱਜ ਹੋਣ ਵਾਲੀਆਂ ਆਮ ਚੋਣਾਂ 'ਚ ਦੇਸ਼ ਦੇ ਇਤਿਹਾਸ ਦੀ ਸੱਭ ਤੋਂ ਵੰਨ-ਸੁਵੰਨੀ ਸੰਸਦ ਹੋਣ ਦੀ ਸੰਭਾਵਨਾ ਹੈ, ਜਿਸ 'ਚ ਦੇਸ਼ ਭਰ ਤੋਂ ਵੱਡੀ ਗਿਣਤੀ 'ਚ ਭਾਰਤੀ ਮੂਲ ਦੇ ਸੰਸਦ ਮੈਂਬਰ ਸ਼ਾਮਲ ਹੋਣਗੇ। ਬ੍ਰਿਟਿਸ਼ ਫ਼ਿਊਚਰ ਥਿੰਕ ਟੈਂਕ ਦੇ ਇਕ ਵਿਸ਼ਲੇਸ਼ਣ ਮੁਤਾਬਕ ਲੇਬਰ ਪਾਰਟੀ ਨੂੰ ਬਹੁਮਤ ਮਿਲਣ 'ਤੇ ਹੁਣ ਤਕ ਦੇ ਸੱਭ ਤੋਂ ਵੱਧ ਨਸਲੀ ਘੱਟ ਗਿਣਤੀ ਸੰਸਦ ਮੈਂਬਰ ਹੋ ਸਕਦੇ ਹਨ। ਵਿਸ਼ਲੇਸ਼ਣ ਵਿਚ ਕਿਹਾ ਗਿਆ ਹੈ ਕਿ ਇਸ ਵਾਰ ਲਗਭਗ 14 ਫ਼ੀ ਸਦੀ ਸੰਸਦ ਮੈਂਬਰ ਨਸਲੀ ਘੱਟ ਗਿਣਤੀ ਭਾਈਚਾਰਿਆਂ ਤੋਂ ਸਨ, ਜਦਕਿ ਨਵੀਂ ਸੰਸਦ ਵਿਚ ਉਨ੍ਹਾਂ ਦੀ ਗਿਣਤੀ ਜ਼ਿਆਦਾ ਹੋਣ ਦੀ ਸੰਭਾਵਨਾ ਹੈ।

'ਬ੍ਰਿਟਿਸ਼ ਫ਼ਿਊਚਰ' ਦੇ ਡਾਇਰੈਕਟਰ ਸੁੰਦਰ ਕਟਵਾਲਾ ਨੇ ਕਿਹਾ ਕਿ ਇਸ ਚੋਣ 'ਚ ਨਸਲੀ ਘੱਟ ਗਿਣਤੀਆਂ ਦੀ ਨੁਮਾਇੰਦਗੀ 'ਚ ਵੱਡਾ ਵਾਧਾ ਹੋਵੇਗਾ ਅਤੇ ਇਹ ਹੁਣ ਤਕ ਦੀ ਸੱਭ ਤੋਂ ਵੰਨ-ਸੁਵੰਨੀ ਸੰਸਦ ਹੋਵੇਗੀ। ਸਾਲ 2019 'ਚ ਹੋਈਆਂ ਪਿਛਲੀਆਂ ਆਮ ਚੋਣਾਂ 'ਚ ਭਾਰਤੀ ਮੂਲ ਦੇ 15 ਸੰਸਦ ਮੈਂਬਰ ਚੁਣੇ ਗਏ ਸਨ, ਜਿਨ੍ਹਾਂ 'ਚੋਂ ਕਈ ਦੁਬਾਰਾ ਚੋਣ ਲੜ ਰਹੇ ਹਨ। ਉਨ੍ਹਾਂ ਤੋਂ ਇਲਾਵਾ ਭਾਰਤੀ ਮੂਲ ਦੇ ਕਈ ਲੋਕ ਪਹਿਲੀ ਵਾਰ ਆਮ ਚੋਣਾਂ ਲੜ ਰਹੇ ਹਨ।

ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਆਲੋਕ ਸ਼ਰਮਾ ਅਤੇ ਲੇਬਰ ਪਾਰਟੀ ਦੇ ਸੀਨੀਅਰ ਨੇਤਾ ਵੀਰੇਂਦਰ ਸ਼ਰਮਾ ਇਸ ਵਾਰ ਕ੍ਰਮਵਾਰ ਰੀਡਿੰਗ ਵੈਸਟ ਅਤੇ ਈਲਿੰਗ ਸਾਊਥਾਲ ਤੋਂ ਦੁਬਾਰਾ ਚੋਣ ਨਹੀਂ ਲੜ ਰਹੇ ਹਨ।

ਈਲਿੰਗ ਸਾਊਥਹਾਲ 'ਚ ਵੱਡੀ ਗਿਣਤੀ 'ਚ ਪੰਜਾਬੀ ਵੋਟਰ ਹਨ। ਬ੍ਰਿਟਿਸ਼ ਸਿੱਖ ਉਮੀਦਵਾਰ ਸੰਗੀਤ ਕੌਰ ਭੈਲ ਅਤੇ ਜਗਿੰਦਰ ਸਿੰਘ ਇਸ ਵਾਰ ਉਥੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।

ਵੀਰਵਾਰ ਨੂੰ ਹੋਣ ਵਾਲੀਆਂ ਚੋਣਾਂ ਵਿਚ ਬ੍ਰਿਟਿਸ਼ ਭਾਰਤੀ ਉਮੀਦਵਾਰਾਂ ਵਿਚ ਪ੍ਰਫੁੱਲ ਨਰਗੁੰਡ ਵੀ ਸ਼ਾਮਲ ਹਨ, ਜੋ ਇਸਲਿੰਗਟਨ ਨਾਰਥ ਤੋਂ ਲੇਬਰ ਪਾਰਟੀ ਦੀ ਟਿਕਟ 'ਤੇ ਚੋਣ ਲੜ ਰਹੇ ਹਨ। ਜਸ ਅਟਵਾਲ ਲੇਬਰ ਪਾਰਟੀ ਦੇ ਗੜ੍ਹ ਫੋਰਡ ਸਾਊਥ ਤੋਂ, ਬੈਗੀ ਸ਼ੰਕਰ ਡਾਰਬੀ ਸਾਊਥ ਤੋਂ, ਸਤਵੀਰ ਕੌਰ ਸਾਊਥੈਂਪਟਨ ਟੈਸਟ ਤੋਂ ਅਤੇ ਹਰਪ੍ਰੀਤ ਉੱਪਲ ਹਡਰਸਫੀਲਡ ਤੋਂ ਚੋਣ ਲੜ ਰਹੇ ਹਨ। ਇੰਦੌਰ 'ਚ ਜਨਮੇ ਰਾਜੇਸ਼ ਅਗਰਵਾਲ ਪਹਿਲੀ ਵਾਰ ਲੈਸਟਰ ਈਸਟ ਤੋਂ ਚੋਣ ਲੜ ਰਹੇ ਹਨ ਅਤੇ ਉਨ੍ਹਾਂ ਦਾ ਮੁਕਾਬਲਾ ਬ੍ਰਿਟਿਸ਼ ਭਾਰਤੀ ਅਤੇ ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਸ਼ਿਵਾਨੀ ਰਾਜਾ ਨਾਲ ਹੈ।

ਭਾਰਤੀ ਮੂਲ ਦੇ ਵੋਟਰਾਂ ਦੀ ਵੱਡੀ ਗਿਣਤੀ ਵਾਲੇ ਇਸ ਹਲਕੇ ਵਿਚ ਮੁਕਾਬਲਾ ਦਿਲਚਸਪ ਹੋਣ ਦੀ ਉਮੀਦ ਹੈ ਕਿਉਂਕਿ ਗੋਆ ਮੂਲ ਦੇ ਸਾਬਕਾ ਸੰਸਦ ਮੈਂਬਰ ਕੀਥ ਵਾਜ਼ ਵੀ ਇੱਥੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਇਸ ਦੌਰਾਨ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੇ ਉੱਤਰੀ ਇੰਗਲੈਂਡ 'ਚ ਰਿਚਮੰਡ ਅਤੇ ਨਾਰਥਆਲਟਰਨ ਦੀਆਂ ਸੀਟਾਂ ਬਰਕਰਾਰ ਰੱਖਣ ਦੀ ਉਮੀਦ ਹੈ। ਉਨ੍ਹਾਂ ਦੀ ਸਾਬਕਾ ਕੈਬਨਿਟ ਸਹਿਯੋਗੀ ਪ੍ਰੀਤੀ ਪਟੇਲ ਦੇ ਐਸੈਕਸ ਦੇ ਵਿਥਮ ਅਤੇ ਸੁਏਲਾ ਬ੍ਰੇਵਰਮੈਨ ਨੂੰ ਫਰੇਹਮ ਅਤੇ ਵਾਟਰਲੂਵਿਲੇ ਤੋਂ ਜਿੱਤਣ ਦੀ ਉਮੀਦ ਹੈ। (ਪੀਟੀਆਈ)

ਪ੍ਰਧਾਨ ਮੰਤਰੀ ਨੂੰ ਲੋਕ ਸਭਾ ਤੋਂ ਬਰਖ਼ਾਸਤ ਕਰਨ ਦੀ ਮੰਗ ਵਾਲੀ ਪਟੀਸ਼ਨ ਖ਼ਾਰਜ

ਨਵੀਂ ਦਿੱਲੀ, 3 ਜੁਲਾਈ : ਦਿੱਲੀ ਹਾਈ ਕੋਰਟ ਨੇ ਬੁਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲੋਕ ਸਭਾ ਤੋਂ ਬਰਖਾਸਤ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ ਖਾਰਜ ਕਰ ਦਿਤੀ। ਕਾਰਜਕਾਰੀ ਚੀਫ ਜਸਟਿਸ ਮਨਮੋਹਨ ਅਤੇ ਜਸਟਿਸ ਤੁਸ਼ਾਰ ਰਾਓ ਗੇਡੇਲਾ ਦੀ ਡਿਵੀਜ਼ਨ ਬੈਂਚ ਨੇ ਕਿਹਾ ਕਿ ਉਹ ਇਸ ਮਾਮਲੇ ਵਿਚ ਸਿੰਗਲ ਜੱਜ ਦੇ ਫੈਸਲੇ ਨਾਲ ਸਹਿਮਤ ਹੈ। ਸਿੰਗਲ ਜੱਜ ਨੇ ਪਹਿਲਾਂ ਹੀ ਪਟੀਸ਼ਨ ਖਾਰਜ ਕਰ ਦਿਤੀ ਸੀ। ਬੈਂਚ ਨੇ ਅਪੀਲਕਰਤਾ ਨੂੰ ਕਿਹਾ, "ਤੁਸੀਂ ਠੀਕ ਤਾਂ ਹੋ? ਅਦਾਲਤ ਨੇ ਕਿਹਾ ਕਿ ਅਪੀਲਕਰਤਾ ਨੂੰ ਡਾਕਟਰੀ ਸਹਾਇਤਾ ਦੀ ਲੋੜ ਹੈ। ਬੈਂਚ ਨੇ ਸਬੰਧਤ ਥਾਣੇ ਦੇ ਇੰਚਾਰਜ ਸਬ-ਡਵੀਜ਼ਨਲ ਮੈਜਿਸਟਰੇਟ ਅਤੇ ਜ਼ਿਲ੍ਹਾ ਮੈਜਿਸਟਰੇਟ ਨੂੰ ਮੈਡੀਕਲ ਹੈਲਥ ਐਕਟ ਦੀਆਂ ਧਾਰਾਵਾਂ ਦੇ ਮੱਦੇਨਜ਼ਰ ਉਸ (ਪਟੀਸ਼ਨਕਰਤਾ) 'ਤੇ ਨਜ਼ਰ ਰੱਖਣ ਦੇ ਹੁਕਮ ਦਿਤੇ।

ਕੈਪਟਨ ਦੀਪਕ ਕੁਮਾਰ ਵਲੋਂ ਦਾਇਰ ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਮੋਦੀ ਅਤੇ ਉਸ ਦੇ ਸਾਥੀਆਂ ਨੇ 2018 'ਚ ਏਅਰ ਇੰਡੀਆ ਦੀ ਉਡਾਣ ਦੇ ਹਾਦਸੇ ਦੀ ਸਾਜ਼ਸ਼ ਰਚ ਕੇ ਕੌਮੀ ਸੁਰੱਖਿਆ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਕੁਮਾਰ ਨੇ ਇਹ ਵੀ ਦੋਸ਼ ਲਾਇਆ ਕਿ ਮੋਦੀ ਨੇ 'ਝੂਠੀ ਸਹੁੰ ਚੁਕੀ ਹੈ, ਜੋ ਰਿਟਰਨਿੰਗ ਅਧਿਕਾਰੀ ਨੂੰ ਨਾਮਜ਼ਦਗੀ ਪੱਤਰ ਸੌਂਪਣ ਤੋਂ ਬਾਅਦ ਕੀਤੀ ਜਾਣੀ ਚਾਹੀਦੀ ਸੀ।' (ਏਜੰਸੀ)

ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਸੱਦਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਜਗਾਧਰੀ ਵਰਕਸ਼ਾਪ-135002 ਦੁਆਰਾ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾਵਾਂ ਦੇ ਮਾਧਿਅਮ ਨਾਲ ਮੰਗ ਕੀਤੀ ਜਾਂਦੀ ਹੈ:-

ਲੜੀ ਨੰਬਰ	ਨਿਵਿਦਾ ਨੰਬਰ	ਸੰਖੇਪ ਵੇਰਵਾ	ਮਾਤਰਾ	ਬੰਦ ਹੋਣ ਦੀ ਮਿਤੀ
1.	61245903	ਹਾਈਡ੍ਰੋਲਿਕ ਪਾਵਰ ਪੈਕ	05 ਸੇਟਸ	05 ਅਗਸਤ 2024
2.	61245935	ਯੂਨਿਵਰਸਲ ਟੇਸਟ ਬੇਂਚ	01 ਸੇਟਸ	05 ਅਗਸਤ 2024
3.	61245946	ਕੰਡੇਂਸਰ ਐਂਡ ਏਵਾਪੋਰੇਟਰ ਕੋਇਲ ਅਸੇਂਬਲੀ	44 ਸੇਟਸ	05 ਅਗਸਤ 2024
4.	61245724	ਕਿਟ ਫਾਰ ਡੰਪ ਵਾਲਵ	256 ਸੇਟਸ	01 ਅਗਸਤ 2024

ਨਿਵਿਦਾ ਸ਼ਰਤਾਂ 1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in 'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਆਫਰ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।

ਟੈਂਡਰ ਨੋਟਿਸ ਨੰ. 61245903, 61245935, 61245946, 61245724 2020/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਪੰਜਾਬ ਐਂਡ ਸਿੰਧ ਬੈਂਕ

(ਭਾਰਤ ਸਰਕਾਰ ਅਧੀਨ ਇਕ ਅਦਾਰਾ)

ਬਰਾਂਚ ਦਫ਼ਤਰ : ਗੁਰੂ ਨਾਨਕ ਕਾਲਜ, ਮੋਗਾ

ਡਿਮਾਂਡ ਨੋਟਿਸ

ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨੈਂਸ਼ੀਅਲ ਐਸੇਟਸ ਐਂਡ ਇੰਫ਼ੋਰਸਮੈਂਟ ਆਫ਼ ਸਕਿਉਰਿਟੀ ਇੰਟਰੱਸਟ ਐਕਟ, 2002 ਦੇ ਸੈਕਸ਼ਨ 13(2) ਅਧੀਨ ਨੋਟਿਸ

ਨੋਟਿਸ ਦਿਤਾ ਜਾਂਦਾ ਹੈ ਕਿ ਹੇਠਾਂ ਲਿਖੇ ਕਰਜ਼ਦਾਰ ਨੇ ਬੈਂਕ ਵਲੋਂ ਪ੍ਰਾਪਤ ਕਰਜ਼ਾ ਸਹੂਲਤਾਂ ਦੀ ਅਦਾਇਗੀ ਕਰਨ 'ਚ ਕੁਤਾਹੀ ਕੀਤੀ ਹੈ ਅਤੇ ਦਸੀਆਂ ਗਈਆਂ ਸਹੂਲਤਾਂ ਐਨ.ਪੀ.ਏ. ਬਣ ਗਈਆਂ ਹਨ। ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨੈਂਸ਼ੀਅਲ ਐਸੇਟਸ ਐਂਡ ਇੰਫ਼ੋਰਸਮੈਂਟ ਆਫ਼ ਸਕਿਉਰਿਟੀ ਇੰਟਰੱਸਟ ਐਕਟ, 2002 ਦੇ ਸੈਕਸ਼ਨ 13(2) ਅਧੀਨ ਕਰਜ਼ਦਾਰ/ਗਾਰੰਟਰ ਨੂੰ ਉਨ੍ਹਾਂ ਦੇ ਪਤੇ 'ਤੇ ਰਜਿਸਟਰਡ ਡਾਕ ਰਾਹੀਂ ਨੋਟਿਸ ਜਾਰੀ ਕੀਤੇ ਗਏ ਸਨ। ਹਾਲਾਂਕਿ ਨੋਟਿਸ ਅਣਵੰਡੇ ਪਰਤ ਆਏ ਹਨ ਅਤੇ ਅਧਿਕਾਰਤ ਅਫ਼ਸਰ ਕੋਲ ਇਹ ਸਮਝਣ ਲਈ ਕਾਰਨ ਹਨ ਕਿ ਕਰਜ਼ਦਾਰ/ਗਰੰਟਰ ਨੋਟਿਸ ਪ੍ਰਾਪਤ ਕਰਨ ਤੋਂ ਬਚ ਰਹੇ ਹਨ, ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਇਸ ਬਾਬਤ ਸੂਚਿਤ ਕੀਤਾ ਜਾਂਦਾ ਹੈ।

ਕਰਜ਼ਦਾਰ(ਾਂ)/ ਗਰੰਟਰ(ਾਂ) ਦਾ ਨਾਂ	ਅਚੱਲ ਜਾਇਦਾਦ ਦਾ ਵੇਰਵਾ	ਐਨਪੀਏ ਦੀ ਮਿਤੀ	ਡਿਮਾਂਡ ਨੋਟਿਸ ਦੀ ਮਿਤੀ	ਬਕਾਇਆ ਰਕਮ
ਕਰਜ਼ਦਾਰ : 1. ਮੈਸ. ਕੇ.ਕੇ. ਇੰਟਰਪ੍ਰਾਈਜਿਜ਼, ਰਾਹੀਂ ਇਸ ਦੇ ਹਿੱਸੇਦਾਰਾਂ ਸ਼ਸ਼ੀ ਅਰੋੜਾ ਪਤਨੀ ਵਿਨੋਦ ਕੁਮਾਰ ਅਤੇ ਕੇਵਲ ਕ੍ਰਿਸ਼ਨ ਅਰੋੜਾ ਪੁੱਤਰ ਦਰਸ਼ਨ ਲਾਲ, ਸਥਿਤ ਹੈ ਪੁਰਾਣੀ ਦਾਣਾ ਮੰਡੀ, ਤਹਿਸੀਲ ਤੇ ਜ਼ਿਲ੍ਹਾ ਮੋਗਾ, 2. ਸ੍ਰੀਮਤੀ ਸ਼ਸ਼ੀ ਅਰੋੜਾ ਪਤਨੀ ਵਿਨੋਦ ਕੁਮਾਰ ਵਾਸੀ	ਰਿਹਾਇਸ਼ੀ ਮਕਾਨ ਮਿਣਤੀ 2 ਮਰਲੇ 6 ਸਰਸਾਈ ਜਿਸ ਦੀਆਂ ਹੱਦਾਂ : 50' ਉਤਰ : ਸ਼ੇਰ ਸਿੰਘ ਪਟਵਾਰੀ, 50' ਦੱਖਣ : ਰਾਜ ਕੁਮਾਰ : 16', ਪੂਰਬ : ਬ੍ਰਿਜ ਲਾਲ ਤਿਲਕ ਰਾਜ, 16' ਪੱਛਮ : ਗਲੀ 20' ਚੌੜੀ ਜਿਸ ਦਾ ਖਸਰਾ ਨੰ. 3588(0-8) ਖੇਵਟ ਨੰ. 2682, ਖਤੌਨੀ ਨੰ. 3402 ਜਮਾਂਬੰਦੀ 1997-98 ਤਹਿਤ ਸਥਿਤ ਹੈ ਵਾਕਿਆ ਮੋਗਾ ਮਹਿਤਾ ਸਿੰਘ-1, ਅਹਾਤਾ ਬਦਨ ਸਿੰਘ, ਤਹਿਸੀਲ ਤੇ ਜ਼ਿਲ੍ਹਾ ਮੋਗਾ, ਜਿਸ ਦਾ ਅਸਲ ਸੇਲ ਡੀਡ ਨੰ. 6239 ਮਿਤੀ 19.12.2003	03.06.2024	12.06.2024	ਰੁ. 13,11,807/- (ਤੇਰਾਂ ਲੱਖ ਗਿਆਰਾਂ ਹਜ਼ਾਰ ਅੱਠ ਸੌ ਸੱਤ ਰੁ. ਸਿਰਫ਼ ਸਿਰਫ਼) ਸਮੇਤ ਵਿਆਜ 31.05.2024 ਤੱਕ ਸਮੇਤ ਅਗਾਉਂ ਵਿਆਜ ਅਤੇ ਇਸ 'ਤੇ ਹੋਰ ਖਰਚੇ

ਕੁਲਾਰ ਨਗਰ, ਗਿੱਲ ਰੋਡ, ਤਹਿਸੀਲ ਤੇ ਜ਼ਿਲ੍ਹਾ ਮੋਗਾ, 3. ਕੇਵਲ ਕ੍ਰਿਸ਼ਨ ਅਰੋੜਾ ਪੁੱਤਰ ਦਰਸ਼ਨ ਲਾਲ ਵਾਸੀ ਅਹਾਤਾ ਬਦਨ ਸਿੰਘ, ਗਲੀ ਨੰ. 01, ਤਹਿਸੀਲ ਤੇ ਜ਼ਿਲ੍ਹਾ ਮੋਗਾ, ਗਰੰਟਰ : 1. ਸੁਰੇਸ਼ ਅਰੋੜਾ ਪੁੱਤਰ ਹੰਸ ਰਾਜ ਵਾਸੀ ਚੱਕੀ ਵਾਲੀ ਗਲੀ, ਤਹਿਸੀਲ ਤੇ ਜ਼ਿਲ੍ਹਾ ਮੋਗਾ, ਇੱਥੇ ਵੀ : ਮੈਸ. ਅਰੋੜਾ ਫਰਮਾਸਿਊਟੀਕਲਜ਼, ਜੀ.ਟੀ. ਰੋਡ, ਤਹਿਸੀਲ ਤੇ ਜ਼ਿਲ੍ਹਾ ਮੋਗਾ, 2. ਵਿਨੋਦ ਕੁਮਾਰ ਪੁੱਤਰ ਦਰਸ਼ਨ ਲਾਲ ਵਾਸੀ ਮਕਾਨ ਨੰ. 546, ਵਾਰਡ ਨੰ. 13, ਪੁਰਾਣੀ ਦਾਣਾ ਮੰਡੀ, ਤਹਿਸੀਲ ਤੇ ਜ਼ਿਲ੍ਹਾ ਮੋਗਾ, ਇੱਥੇ ਵੀ : ਕੁਲਾਰ ਨਗਰ, ਗਿੱਲ ਰੋਡ, ਤਹਿਸੀਲ ਤੇ ਜ਼ਿਲ੍ਹਾ ਮੋਗਾ, 3. ਕਿਰਨ ਅਰੋੜਾ ਪਤਨੀ ਕੇਵਲ ਕ੍ਰਿਸ਼ਨ ਅਰੋੜਾ ਵਾਸੀ ਅਹਾਤਾ ਬਦਨ ਸਿੰਘ, ਗਲੀ ਨੰ. 1, ਤਹਿਸੀਲ ਤੇ ਜ਼ਿਲ੍ਹਾ ਮੋਗਾ, 4. ਸੋਨੀਆ ਅਰੋੜਾ ਪਤਨੀ ਕੁਲਦੀਪ ਕੁਮਾਰ ਵਾਸੀ ਮਕਾਨ ਨੰ. 673, ਵਾਰਡ ਨੰ. 12, ਅਨੰਦ ਨਗਰ, ਤਹਿਸੀਲ ਤੇ ਜ਼ਿਲ੍ਹਾ ਮੋਗਾ, ਇੱਥੇ ਵੀ : ਗਲੀ ਨੰ. 1, ਅਹਾਤਾ ਬਦਨ ਸਿੰਘ, ਤਹਿਸੀਲ ਤੇ ਜ਼ਿਲ੍ਹਾ ਮੋਗਾ।

ਉੱਪਰ ਲਿਖੇ ਕਰਜ਼ਦਾਰ/ਗਾਰੰਟਰ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਨੋਟਿਸ 'ਚ ਲਿਖੀ ਰਕਮ ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ ਬਾਅਦ 60 ਦਿਨਾਂ ਅੰਦਰ ਭਵਿੱਖਤ ਵਿਆਜ ਸਮੇਤ ਅਦਾ ਕਰਨ ਦੇਣ ਇਸ ਤੋਂ ਅਸਫ਼ਲ ਰਹਿਣ 'ਤੇ ਇਸ ਨੋਟਿਸ ਦੀ ਮਿਤੀ ਤੋਂ ਬਾਅਦ 60 ਦਿਨ ਖ਼ਤਮ ਹੋਣ ਤੋਂ ਬਾਅਦ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨੈਂਸ਼ੀਅਲ ਐਸੇਟਸ ਐਂਡ ਇੰਫ਼ੋਰਸਮੈਂਟ ਆਫ਼ ਸਕਿਉਰਿਟੀ ਇੰਟਰੱਸਟ ਐਕਟ, 2002 ਹੇਠ ਅੱਗੇ ਕਦਮ ਚੁੱਕੇ ਜਾਣਗੇ। ਇਸ ਤੋਂ ਇਲਾਵਾ ਕਰਜ਼ਦਾਰ / ਗਾਰੰਟਰ ਨੂੰ ਉੱਪਰ ਲਿਖੇ ਸੁਰੱਖਿਅਤ ਅਸਾਸਿਆਂ ਨਾਲ, ਬਿਨਾ ਇਜਾਜ਼ਤ ਲਏ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਨ ਤੋਂ ਵਰਜਿਆ ਜਾਂਦਾ ਹੈ। ਇਹ ਸਾਡੇ ਕੋਲ ਸਬੰਧਤ ਐਕਟ ਹੇਠ ਅਤੇ/ਜਾਂ ਹੋਰ ਕਿਸੇ ਵੀ ਕਾਨੂੰਨ ਹੇਠ ਮੌਜੂਦ ਹੋਰ ਹੱਕਾਂ 'ਚ ਵਿਤਕਰੇ ਤੋਂ ਬਿਨਾ ਹੈ।

ਮਿਤੀ : 03.07.2024 ਸਥਾਨ : ਮੋਗਾ ਅਧਿਕਾਰਤ ਅਫ਼ਸਰ

ਅਪੈਂਡਿਕਸ IV-A-ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ

pnb Housing Finance Limited — Ghar Ki Baat

ਸਕਿਉਰਟਾਈਜ਼ੇਸ਼ਨ ਐਂਡ ਰੀਕਨਸਟਰੱਕਸ਼ਨ ਆਫ਼ ਫ਼ਾਈਨਾਂਸ਼ੀਅਲ ਅਸੈਂਟਸ ਐਂਡ ਇਨਫ਼ਾਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ

ਰਜਿ: ਦਫਤਰ: ਨੌਵੀਂ ਮੰਜ਼ਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com

ਬਰਾਂਚ ਦਫ਼ਤਰ : ਐਸਸੀਓ 44, ਪਹਿਲੀ ਮੰਜ਼ਿਲ ਪੁੱਡਾ ਕੰਪਲੈਕਸ, ਜਲੰਧਰ-144001

ਆਮ ਜਨਤਾ ਅਤੇ ਖਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਅਤੇ ਜੋ ਵੀ ਉੱਥੇ ਹੈ ਦੇ' ਅਧਾਰ 'ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ 'ਏ' ਵਿਚ ਦਿੱਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਊਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸੰਧੇ ਗਏ ਹਨ।
ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ, ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰ/ਕਾਨੂੰਨੀ ਵਾਰਸ ਦਾ ਨਾਮ (A)	ਮੰਗੀ ਗਈ ਰਕਮ ਅਤੇ ਮਿਤੀ (B)	ਕਬਜ਼ੇ ਦੀ ਕਿਸਮ (C)	ਗਿਰਵੀ ਜਾਇਦਾਦਾਂ ਦਾ ਵੇਰਵਾ (D)	ਰਾਖਵੀਂ ਕੀਮਤ (ਆਰ.ਪੀ.) (E)	ਈਐਮਡੀ (ਰਾਖਵੀਂ ਕੀਮਤ ਦਾ 10%) (F)	ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ (G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ (J)	ਕੋਈ ਝੰਜਟ/ਕੋਰਟ ਕੇਸ ਜੇ ਹੋਵੇ ਤਾਂ (K)
HOU/JAL/1221/932965 ਸੁਨੀਤਾ/ਲਲਿਤ ਬਰਾਂਚ ਦਫ਼ਤਰ : ਜਲੰਧਰ	ਰੁ. 13,50,687.61/- (ਤੇਰਾਂ ਲੱਖ ਪੰਜਾਹ ਹਜ਼ਾਰ ਛੇ ਸੌ ਸਤਾਸੀ ਰੁ. ਇਕਾਹਟ ਪੈਸੇ ਸਿਰਫ਼) ਮਿਤੀ 07.11.2023 ਨੂੰ	(ਭੌਤਿਕ)	ਮਕਾਨ ਸਥਿਤ ਹੈ ਨਿਊ ਕਾਲੋਨੀ, ਫਗਵਾੜਾ ਰੋਡ, ਨੇੜੇ ਗੁਰਦੁਆਰਾ ਸਾਹਿਬ, ਪਿੰਡ ਨੰਗਲ ਕਰਾਰ ਖਾਨ ਤਹਿਸੀਲ ਤੇ ਜ਼ਿਲ੍ਹਾ ਜਲੰਧਰ ਵਿਖੇ ਜੋ ਸ਼ਾਮਲ ਹੈ ਵਿਚ ਖਸਰਾ ਨੰ. 4//19/3/1, 4//20/2, 5//15/3, 5//16/1, ਮਕਾਨ ਰਕਬਾ 03 ਮਰਲੇ 12 ਵ.ਫੁੱਟ (ਮਰਲਾ 272 ਵ.ਫੁੱਟ) ਦਸਤਾਵੇਜ ਨੰ. 2021-22/186/1/10625 ਮਿਤੀ 03.01.2022 ਤਹਿਤ ਰਜਿਸਟਰਡ ਹੈ ਸਬ ਰਜਿਸਟਰਾਰ/ਜੁਆਇੰਟ ਸਬ ਰਜਿਸਟਰਾਰ, ਜਲੰਧਰ-1 ਵਿਖੇ ਸ੍ਰੀਮਤੀ ਸੁਨੀਤਾ ਪਤਨੀ ਸਵ. ਸ੍ਰੀ ਕੈਲਾਸ਼ ਕੁਮਾਰ ਦੇ ਪੱਖ ਵਿਚ, ਹੱਦਾਂ : ਪੂਰਬ : ਖੇਤੀਯੋਗ ਜ਼ਮੀਨ, ਪੱਛਮ : ਗਲੀ 12' ਚੌੜੀ/16'-6", ਉਤਰ : ਗਲੀ/50' ਅਤੇ ਦੱਖਣ : ਪਲਾਟ ਨੰ. 90/50'	ਰੁ: 10,34,000/-	ਰੁ: 1,03,400/-	22.07.2024	ਰੁ: 10,000/-	10-07-24 ਨੂੰ ਸਵੇਰੇ 10 ਵਜੇ ਤੋਂ ਸ਼ਾਮ 5.30 ਵਜੇ ਦੇ ਵਿਚਕਾਰ	23.07.24 ਨੂੰ ਬਾ.ਦੁ. 12.30 ਵਜੇ ਤੋਂ ਬਾ.ਦੁ. 2.30 ਵਜੇ ਦੇ ਵਿਚਕਾਰ	* ਨਿੱਲ/ਪਤਾ ਨਹੀਂ

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਉਰਡ ਐਸੇਟਸ 'ਤੇ ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ 'ਕੇ' ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖ਼ਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖੁਦ ਤਸੱਲੀ ਕਰ ਲੈਣ।

1. ਮਿਤੀ ਅਨੁਸਾਰ, ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ ਅਤੇ ਸਟੇਟਸ ਕਾਲਮ ਨੰ.-ਕੇ ਵਿਚ ਦਰਸਾਇਆ ਗਿਆ ਹੈ। 2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ 'ਤੇ ਕਾਰਵਾਈ/ਪਾਸ ਹੁਕਮਾਂਆਦਿ ਵਿਚ ਜੇ ਕੋਈ ਹੈ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ 'ਕੇ' ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜ਼ਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ 'ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ 'ਤੇ ਹਸਤਾਖਰ ਕਰਨੇ ਪੈਂਦੇ ਹਨ। 3. ਕਿਰਪਾ ਕਰਕੇ ਨੋਟ ਕਰੋ ਕਿ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੋਡ ਦੇ ਰੂਪ ਵਿਚ ਉਸੇ ਦਿਨ (ਸਮੇਤ ਬਿਆਨਾ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ ਜਮਾਂ ਕਰਾਉਣਾ ਹੋਵੇਗਾ ਬੋਲੀਕਾਰ ਦੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਵਿਕਰੀ ਰਕਮ ਦਾ 25% ਪ੍ਰਾਪਤ ਹੋਣ ਪਿਛੋਂ ਸਕਿਓਰਡ ਕ੍ਰੈਡੀਟਰ ਵਲੋਂ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(2) ਤਹਿਤ ਕੀਤੀ ਜਾਵੇਗੀ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਉਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ। 4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਉਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਤੁਸੀਂ ਸ੍ਰੀ ਰਵੀ ਕੁਮਾਰ, ਸ੍ਰੀ ਅਸ਼ੀਸ਼ ਕੁਮਾਰ ਸ਼ਰਮਾ, ਨਾਲ ਟੋਲ ਫ੍ਰੀ ਨੰਬਰ : 1800 120 8800, auction@pnbhousing.com, ਅਧਿਕਾਰਤ ਅਫ਼ਸਰ ਪੀਐਨਬੀਐਚਐਫਐਲ ਨਾਲ ਸੰਪਰਕ ਕਰੋ ਜਾਂ www.auction@pnbhousing.com ਦਾ ਹਵਾਲਾ ਲਓ।

ਸਥਾਨ : ਜਲੰਧਰ, ਮਿਤੀ : 03.07.2024 ਸਹੀ/- ਅਧਿਕਾਰਤ ਅਫ਼ਸਰ, ਮੈਸ. ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ

ਜਨਾ ਸਮਾਲ ਫਾਈਨਾਂਸ ਬੈਂਕ

(ਇਕ ਸ਼ਡਿਊਲਡ ਕਮਰਸ਼ੀਅਲ ਬੈਂਕ)

ਰਜਿਸਟਰਡ ਦਫ਼ਤਰ : ਦੀ ਫੇਅਰਵੇਅ, ਗਰਾਊਂਡ ਅਤੇ ਪਹਿਲੀ ਮੰਜ਼ਿਲ, ਸਰਵੇਅ ਨੰ. 10/1, 11/2 ਅਤੇ 12/2ਬੀ, ਆਫ਼ ਡੋਮਲੂਰ, ਕੋਰਮਾਨੰਗਲਾ ਇਨਰ ਰਿੰਗ ਰੋਡ, ਈਜੀਐਲ ਬਿਜਨਸ ਪਾਰਕ ਤੋਂ ਅੱਗੇ, ਚੱਲਾਘੱਟਾ, ਬੰਗਲੌਰ-560071, ਬਰਾਂਚ ਦਫ਼ਤਰ : 16/12, ਦੂਜੀ ਮੰਜ਼ਿਲ, ਡਬਲਿਊ.ਈ.ਏ. ਆਰੀਆ ਸਮਾਜ ਰੋਡ, ਕਰੋਲ ਬਾਗ, ਦਿੱਲੀ-110005

ਈ-ਨਿਲਾਮੀ ਨੋਟਿਸ

ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਅਤੇ 9 ਦੀ ਧਾਰਾ ਨਾਲ ਪੜ੍ਹੇ ਜਾਂਦੇ ਦ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ (ਸਰਫਾਇਸੀ ਐਕਟ) 2002 ਅਧੀਨ ਈ ਨਿਲਾਮੀ ਰਾਹੀਂ ਵਿਕਰੀ ਲਈ ਜਨਤਕ ਸੂਚਨਾ

ਨਿਮਨਹਸਤਾਖਰੀ ਨੇ ਜਨਾ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫ਼ਸਰ ਵਜੋਂ ਸਰਫਾਇਸੀ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ। ਕਰਜ਼ਦਾ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਖਾਤੇ ਵਿਚ ਦਰਸਾਈ ਗਿਰਵੀ ਜਾਇਦਾਦ ਦੀ ਆਨਲਾਈਨ ਨਿਲਾਮੀ (ਈ ਆਕਸ਼ਨ) ਹੇਠ ਦਰਸਾਏ ਖਾਤੇ ਦਾ ਬੈਂਕ ਬਕਾਇਆ ਵਸੂਲਣ ਲਈ 'ਜਿਵੇਂ ਜਿੱਥੇ ਹੈ ਦੇ ਆਧਾਰ 'ਤੇ' ਅਤੇ 'ਜੋ ਵੀ ਉੱਥੇ ਹੈ ਦੇ ਆਧਾਰ 'ਤੇ' ਹੇਠ ਦਰਸਾਈ ਮਿਤੀ ਨੂੰ ਹੋਵੇਗੀ।

ਲੜੀ ਨੰ.	ਲੋਨ ਖਾਤਾ ਨੰਬਰ	ਅਸਲ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਦਾ ਨਾਮ	13-2 ਨੋਟਿਸ ਦੀ ਮਿਤੀ	ਕਬਜੇ ਦੀ ਮਿਤੀ	02.07.2024 ਨੂੰ ਮੌਜੂਦਾ ਬਕਾਇਆ	ਜਾਇਦਾਦ ਦੀ ਪੜਤਾਲ ਦੀ ਮਿਤੀ ਅਤੇ ਸਮਾਂ	ਰਾਖਵੀਂ ਕੀਮਤ ਰੁ. 'ਚ	ਬਿਆਨਾ ਰਕਮ ਜਮ੍ਹਾਂ (ਈਐਮਡੀ) ਰੁ. 'ਚ	ਈ ਨਿਲਾਮੀ ਦੀ ਮਿਤੀ ਅਤੇ ਸਮਾਂ	ਬੋਲੀ ਜਮ੍ਹਾਂ ਕਰਨ ਲਈ ਆਖਰੀ ਮਿਤੀ ਸਮਾਂ ਅਤੇ ਸਥਾਨ
1	30468647524137 & 30469660000025	1. ਮੈਸ. ਕ੍ਰਿਏਟਿਵ ਫੈਸ਼ਨ, ਪੇਸ਼ਕਸ਼ ਵਲੋਂ ਇਸ ਦੇ ਹਿੱਸੇਦਾਰ ਸ੍ਰੀ ਸੁਰਜੀਤ ਸਿੰਘ ਅਤੇ ਹਰਜੀਤ ਸਿੰਘ, 2. ਸ੍ਰੀ ਸੁਰਜੀਤ ਸਿੰਘ ਪੁੱਤਰ ਸੰਤ ਸਿੰਘ (ਕਰਜ਼ਦਾਰ) 3. ਸ੍ਰੀ ਹਰਜੀਤ ਸਿੰਘ ਬਜਾਜ ਪੁੱਤਰ ਗੁਰਬਖਸ਼ ਸਿੰਘ ਬਜਾਜ (ਗਰੰਟਰ), ਹਿੱਸੇਦਾਰ ਮੈਸ. ਕ੍ਰਿਏਟਿਵ ਫੈਸ਼ਨ, 4. ਸ੍ਰੀਮਤੀ ਗਗਨਦੀਪ ਕੌਰ ਪਤਨੀ ਸੁਰਜੀਤ ਸਿੰਘ (ਗਰੰਟਰ)	14.09.2023	18.01.2024	ਰੁ. 45,82,558.49 (ਪੰਤਾਲੀ ਲੱਖ ਬਿਆਸੀ ਹਜ਼ਾਰ ਪੰਜ ਸੌ ਅਠਵੰਜਾ ਰੁ. ਉਨੰਜਾ ਪੈਸੇ ਸਿਰਫ਼)	16.07.2024 ਨੂੰ ਸਵੇਰੇ 09.00 ਵਜੇ ਤੋਂ ਸ਼ਾਮ 5.30 ਵਜੇ	ਰੁ. 10,93,000/- (ਦਸ ਲੱਖ ਤਰਾਨਵੇਂ ਹਜ਼ਾਰ ਰੁ. ਸਿਰਫ਼)	ਰੁ. 1,09,300/- (ਇਕ ਲੱਖ ਨੌ ਹਜ਼ਾਰ ਤਿੰਨ ਸੌ ਰੁ. ਸਿਰਫ਼)	23.07.2024 ਨੂੰ ਸਵੇਰੇ 11.00 ਵਜੇ	22.07.2024 ਨੂੰ ਸ਼ਾਮ 5.00 ਵਜੇ ਤੋਂ ਪਹਿਲਾਂ ਜਨਾ ਸਮਾਲ ਫਾਈਨਾਂਸ ਬੈਂਕ ਲਿਮਟਿਡ, ਬਰਾਂਚ ਦਫਤਰ ਦਾ ਪਤਾ : 16/12, ਦੂਜੀ ਮੰਜ਼ਿਲ, ਡਬਲਿਊ.ਈ.ਏ. ਆਰੀਆ ਸਮਾਜ ਰੋਡ, ਕਰੋਲ ਬਾਗ, ਦਿੱਲੀ-110005

ਸਕਿਓਰਡ ਐਸਟਸ ਦੇ ਵੇਰਵੇ : ਪਲਾਟ ਐਮ.ਸ੍ਰੀ. ਨੰ. B-XIX-88, ਇਕਾਈ ਨੰ. FIF 3ਏ, ਅਨੁਪਾਤਕ ਹਿੱਸਾ ਵਿਚ ਜ਼ਮੀਨ 7.80 ਵ.ਗਜ਼ (ਰਕਬਾ ਮਿਣਤੀ 253 ਵ. ਫੁੱਟ) ਕਵਰਡ ਰਕਬੇ ਦਾ (298 ਵ. ਫੁੱਟ ਉਸਾਰਿਆ ਰਕਬਾ ਕਨਾਲ ਟਾਵਰ ਇਕ ਮਲਟੀ ਸਟੋਰੀ ਕਮਰਸ਼ੀਅਲ ਕੰਪਲੈਕਸ ਜੋ ਜਾਣਿਆ ਜਾਂਦਾ ਹੈ ਮਾਲ ਲੁਧਿਆਣਾ ਵਜੋਂ ਦੀ ਪੁੰਜਵੀਂ ਮੰਜ਼ਿਲ 'ਤੇ ਦਾ ਅਨੁਪਾਤਕ ਹਿੱਸਾ ਵਿਚ ਜ਼ਮੀਨ 7.80 ਵ.ਗਜ਼ (ਰਕਬਾ ਮਿਣਤੀ 253 ਵ. ਫੁੱਟ ਉਸਾਰੇ ਰਕਬੇ ਦਾ ਕਵਰਡ ਏਰੀਆ 298 ਵ. ਫੁੱਟ ਮਲਕੀਅਤ ਗਗਨਦੀਪ ਕੌਰ ਪਤਨੀ ਸੁਰਜੀਤ ਸਿੰਘ ਦੀ, ਹੱਦਾਂ ਇਸ ਤਰ੍ਹਾਂ : ਪੂਰਬ : ਹੋਰ ਦੀ ਜਾਇਦਾਦ, ਪੱਛਮ : ਦੀ ਮਾਲ ਰੋਡ, ਉੱਤਰ : ਰਜਿੰਦਰ ਗੁਪਤਾ ਦੀ ਜਾਇਦਾਦ, 24 ਦ ਮਾਲ, ਦੱਖਣ : ਅਵਿਨਾਸ਼ ਚੰਦਰ ਨਈਅਰ ਅਤੇ ਵਿਸ਼ਵਨਾਥ ਨਈਅਰ ਦੀ ਜਾਇਦਾਦ, 28 ਦ ਮਾਲ

ਜਾਇਦਾਦਾਂ 'ਜਿਵੇਂ ਜਿੱਥੇ ਹੈ ਦੇ ਆਧਾਰ 'ਤੇ' ਅਤੇ 'ਜੋ ਵੀ ਉੱਥੇ ਹੈ ਦੇ ਆਧਾਰ 'ਤੇ' ਅਤੇ 'ਆਨ ਲਾਈਨ' ਈ ਨਿਲਾਮੀ ਕਰਵਾ ਕੇ ਵੇਚੀਆਂ ਜਾਣਗੀਆਂ। ਨਿਲਾਮੀ ਬੈਂਕ ਤੋਂ ਮਨਜ਼ੂਰਸ਼ੁਦਾ ਸੇਵਾ ਪ੍ਰਦਾਤਾ ਮੈਸ. 4 ਕਲੋਜ਼ਰ ਰਾਹੀਂ ਵੈਬ ਪੋਰਟਲ https://bankauctions.in & www.foreclosureindia.com 'ਤੇ ਕਰਵਾਈ ਜਾਵੇਗੀ। ਹੋਰ ਜਾਣਕਾਰੀ ਅਤੇ ਵਿਸਥਾਰਤ ਵੇਰਵਿਆਂ, ਸਹਾਇਤਾ, ਪ੍ਰੋਸੀਜਰ ਅਤੇ ਈ ਨਿਲਾਮੀ 'ਤੇ ਆਨਲਾਈਨ ਸਿਖਲਾਈ ਲਈ ਸੰਭਾਵੀ ਬੋਲੀਕਾਰ ਮੈਸ. 4 ਕਲੋਜ਼ਰ, ਸ੍ਰੀ ਉਤਕਰਸ਼ ਆਦੇਸ਼, ਸੰਪਰਕ ਨੰਬਰ : 9515160064, ਈ ਮੇਲ ਆਈਡੀਜ਼ info@bankauctions.in/adesh@bankauctions.in 'ਤੇ ਸੰਪਰਕ ਕਰਨ। ਈ-ਨਿਲਾਮੀ ਪ੍ਰਕਿਰਿਆਵਾਂ ਵਿਚ ਹਿੱਸਾ ਲੈਣ ਲਈ ਹੋਰ ਵੇਰਵੇ ਅਤੇ ਨਿਯਮ ਅਤੇ ਸ਼ਰਤਾਂ ਲਈ ਅਤੇ ਜਾਇਦਾਦ ਸਬੰਧੀ ਕਿਸੇ ਇਨਕੁਆਰੀ ਲਈ ਕਿਪਾ ਕਰਕੇ ਜਨਾ ਸਮਾਲ ਫਾਈਨਾਂਸ ਬੈਂਕ, ਅਫ਼ਸਰ ਸ੍ਰੀ ਰਾਕੇਸ਼ ਸ਼ਰਮਾ (ਮੋ. ਨੰ. 7230070463), ਸ੍ਰੀ ਤੁੰਗ ਕੌਸ਼ਿਕ (ਮੋ. ਨੰ. 8105191533), ਸ੍ਰੀ ਸ਼ਸ਼ੀ ਕੁਮਾਰ (ਮੋ. ਨੰ. 8700277112) ਅਤੇ ਰਾਜਨ ਨਾਇਕ (ਮੋਬ. ਨੰ. 9590858249) ਨਾਲ ਸੰਪਰਕ ਕਰਨ। ਅਧਿਕਾਰਤ ਅਫ਼ਸਰ ਦੀ ਜਾਣਕਾਰੀ ਅਨੁਸਾਰ ਜਾਇਦਾਦਾਂ ਸਬੰਧੀ ਕੋਈ ਝੰਜਟ ਨਹੀਂ ਹੈ। ਇਸ ਲਈ ਇੱਛੁਕ ਬੋਲੀਕਾਰ ਇੰਜਟ, ਜਾਇਦਾਦ ਦੇ ਵਿਸ਼ੇ ਬਾਰੇ ਆਪਣੀ ਬੋਲੀ ਜਮ੍ਹਾਂ ਕਰਨ ਤੋਂ ਪਹਿਲਾਂ ਆਪਣੇ ਪੱਧਰ 'ਤੇ ਜਾਂਚ ਕਰ ਸਕਦੇ ਹਨ। ਸ਼ਰਤਾਂ ਵਾਲੀ ਬੋਲੀ ਸਵੀਕਾਰ ਨਹੀਂ ਕੀਤੀ ਜਾਵੇਗੀ। ਇਹ ਨੋਟਿਸ ਉਪਰ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਗਿਰਵੀ ਜਾਇਦਾਦਾਂ ਦੇ ਈ ਨਿਲਾਮੀ ਸ਼ਡਿਊਲ ਬਾਰੇ ਵੀ ਹੈ। ਕਰਜ਼ਦਾਰ/ਗਰੰਟਰ/ਗਿਰਵੀਕਾਰ ਨੂੰ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਉਪਰ ਦਰਸਾਈ ਰਕਮ ਸਮੇਤ ਮਿਤੀ ਤੱਕ ਵਿਆਜ ਅਤੇ ਫੁਟਕਲ ਖਰਚੇ ਅਦਾ ਕਰਨ ਲਈ ਕਿਹਾ ਜਾਂਦਾ ਹੈ ਅਸਫਲ ਰਹਿਣ 'ਤੇ ਜਾਇਦਾਦ ਵੇਚੀ ਜਾਵੇਗੀ ਅਤੇ ਬਾਕੀ ਬਕਾਇਆ ਜੇ ਕੋਈ ਹੋਵੇਗੀ ਸਮੇਤ ਵਿਆਜ ਅਤੇ ਲਾਗਤਾਂ ਵਸੂਲਿਆ ਜਾਵੇਗਾ।

ਮਿਤੀ : 04.07.2024, ਸਥਾਨ : ਪੰਜਾਬ ਸਹੀ/- ਅਧਿਕਾਰਤ ਅਫ਼ਸਰ, ਜਨਾ ਸਮਾਲ ਫਾਈਨਾਂਸ ਬੈਂਕ ਲਿਮਟਿਡ ਲਈ